

ਪਾਠ-11

# ਸਾਡਾ ਆਵਾਸ

ਅੱਜ ਖੇਡ-ਖੇਡ ਵਿੱਚ ਸਾਡੀ ਜਮਾਤ ਦੇ ਬੱਚੇ ਮਿੱਟੀ ਦੇ ਘਰ ਬਣਾ ਕੇ ਖੁਸ਼ ਹੋ ਰਹੇ ਸਨ। ਉਨ੍ਹਾਂ ਦੇ ਕੋਲ ਖੜ੍ਹੇ ਅਧਿਆਪਕ ਨੇ ਉਹਨਾਂ ਨੂੰ ਪੁੱਛਿਆ, "ਸਾਨੂੰ ਘਰ ਬਣਾਉਣ ਦੀ ਲੋੜ ਕਿਉਂ ਪੈਂਦੀ ਹੈ ?"

ਇਹ ਸੁਣ ਕੇ ਕਿਰਨ ਨੇ ਉੱਚੀ ਅਵਾਜ਼ ਵਿੱਚ ਕਿਹਾ, "ਰਹਿਣ ਲਈ!" ਸਾਰੇ ਬੱਚਿਆਂ ਨੇ ਉੱਤਰ ਸੁਣ ਕੇ ਤਾੜੀਆਂ ਮਾਰੀਆਂ।

**ਅਧਿਆਪਕ** — ਬੇਟਾ, ਘਰ ਸਾਨੂੰ ਰਹਿਣ ਦੇ ਨਾਲ਼-ਨਾਲ਼ ਗਰਮੀ, ਸਰਦੀ, ਮੀਂਹ, ਹਨੇਰੀ ਅਤੇ ਜੰਗਲੀ ਜਾਨਵਰਾਂ ਤੋਂ ਵੀ ਬਚਾਉਂਦੇ ਹਨ। ਘਰ ਵਿੱਚ ਅਸੀਂ ਆਪਣੇ ਪਰਿਵਾਰ ਨਾਲ਼ ਰਲ਼-ਮਿਲ਼ ਕੇ ਇਕੱਠੇ ਰਹਿੰਦੇ ਹਾਂ। ਇਕੱਠੇ ਰਹਿਣ ਨਾਲ਼ ਅਸੀਂ ਕਿਸੇ ਵੀ ਮੁਸ਼ਕਲ ਨੂੰ ਹੱਲ ਕਰ ਸਕਦੇ ਹਾਂ।

**ਰਿੰਕੂ** — ਸਰ ਜੀ, ਜਦੋਂ ਘਰ ਨਹੀਂ ਸੀ ਹੁੰਦੇ ਤਾਂ ਉਦੋਂ ਲੋਕ ਕਿੱਥੇ ਰਹਿੰਦੇ ਸਨ ?

**ਅਧਿਆਪਕ** — ਬੇਟਾ, ਸ਼ੁਰੂ-ਸ਼ੁਰੂ ਵਿੱਚ ਮਨੁੱਖ ਜੰਗਲਾਂ ਵਿੱਚ ਰਹਿੰਦਾ ਸੀ। ਫਿਰ ਮੀਂਹ, ਹਨੇਰੀ, ਗਰਮੀ, ਸਰਦੀ ਅਤੇ ਜੰਗਲੀ ਜਾਨਵਰਾਂ ਤੋਂ ਬਚਣ ਲਈ ਗੁਫ਼ਾਵਾਂ ਵਿੱਚ ਰਹਿਣ ਲੱਗ ਪਿਆ। ਹੌਲੀ-ਹੌਲੀ ਉਹ ਘਰ ਬਣਾ ਕੇ ਰਹਿਣ ਲੱਗਾ।

**ਕਰਮਨ** — ਮੈਡਮ ਜੀ, ਸੰਦੀਪ ਦੇ ਘਰ ਨੂੰ ਤਾਂ ਹਨੇਰੀ ਅਤੇ ਮੀਂਹ ਨੇ ਹੀ ਢਾਹਿਆ ਸੀ।

**ਅਧਿਆਪਕ** — ਸੰਦੀਪ ਦਾ ਘਰ ਕੱਚਾ ਸੀ ਜਿਸ ਕਾਰਣ ਹਨੇਰੀ ਤੇ ਮੀਂਹ ਨੇ ਉਸ ਨੂੰ ਢਾਹ ਦਿੱਤਾ। ਬੱਚਿਓ! ਘਰ ਕਈ ਕਿਸਮਾਂ ਦੇ ਹੁੰਦੇ ਹਨ। ਕੱਚਾ ਘਰ, ਪੱਕਾ ਘਰ ਅਤੇ ਅਸਥਾਈ ਘਰ।

### ਕੱਚਾ ਘਰ

ਇਹ ਲੱਕੜ, ਗਾਰਾ, ਘਾਹ-ਫੂਸ ਆਦਿ ਤੋਂ ਬਣਾਇਆ ਜਾਂਦਾ ਹੈ। ਕੱਚੇ ਘਰ ਠੰਡੇ ਅਤੇ ਹਵਾਦਾਰ ਹੁੰਦੇ ਹਨ। ਘਰ ਦੀਆਂ ਔਰਤਾਂ ਉਨ੍ਹਾਂ ਨੂੰ ਮਿੱਟੀ ਨਾਲ਼ ਲਿੱਪ-ਪੋਚ ਕੇ, ਸੋਹਣਾ ਬਣਾ ਕੇ ਰੱਖਦੀਆਂ ਹਨ।

### ਪੱਕਾ ਘਰ

ਇਹ ਇੱਟਾਂ, ਸੀਮਿੰਟ, ਪੱਥਰ ਅਤੇ ਲੋਹੇ ਤੋਂ ਬਣਦਾ ਹੈ। ਇਸ ਵਿੱਚ ਖਿੜਕੀਆਂ, ਦਰਵਾਜ਼ੇ ਅਤੇ ਰੋਸ਼ਨਦਾਨ ਬਣੇ ਹੁੰਦੇ ਹਨ।





1. ..........................                2. ..........................

ਚਿੱਤਰ ਹੇਠਾਂ ਘਰ ਦੀ ਕਿਸਮ ਲਿਖੋ।

ਪ੍ਰਸ਼ਨ 1. ਘਰ ਕਿਸ ਕੰਮ ਆਉਂਦਾ ਹੈ ?

.......................................................................................................

### ਅਸਥਾਈ ਘਰ

ਇਹ ਕੱਪੜੇ, ਬਾਂਸ ਅਤੇ ਲੱਕੜ ਦੇ ਬਣੇ ਹੁੰਦੇ ਹਨ। ਇਹ ਟੈਂਟ, ਕਾਰਵਾਂ ਅਤੇ ਹਾਊਸਬੋਟ ਦੇ ਰੂਪ ਵਿੱਚ ਵੀ ਹੋ ਸਕਦੇ ਹਨ। ਗੱਡੀਆਂ ਵਾਲਿਆਂ ਦਾ ਘਰ ਕਾਰਵਾਂ ਰੂਪੀ ਹੁੰਦਾ ਹੈ। ਹਾਊਸਬੋਟ ਇੱਕ ਕਿਸ਼ਤੀ ਰੂਪੀ ਘਰ ਹੈ ਜੋ ਪਾਣੀ 'ਤੇ ਤੈਰਦਾ ਹੈ। ਦੇਸ਼ ਦੇ ਸਿਪਾਹੀ ਕੈਂਪਾਂ ਵਿੱਚ ਟੈਂਟ ਦੇ ਘਰ ਬਣਾ ਕੇ ਰਹਿੰਦੇ ਹਨ।





1. ..........................                2. ..........................





3. .......................... 4. ..........................

ਚਿੱਤਰ ਹੇਠਾਂ ਘਰ ਦੀ ਕਿਸਮ ਲਿਖੋ।

ਪ੍ਰੀਤ-ਸਰ! ਕੱਲ੍ਹ ਟੀ.ਵੀ. 'ਤੇ ਇੱਕ ਪ੍ਰੋਗਰਾਮ ਵਿੱਚ ਟੇਢੀਆਂ ਛੱਤਾਂ ਵਾਲੇ ਘਰ ਵੀ ਦਿਖਾਏ ਗਏ ਸੀ। ਸਾਡੇ ਘਰ ਇਹੋ ਜਿਹੇ ਕਿਉਂ ਨਹੀਂ ਹੁੰਦੇ।

ਅਧਿਆਪਕ-ਬੇਟਾ, ਟੇਢੀਆਂ ਜਾਂ ਢਲਾਣਦਾਰ ਛੱਤਾਂ ਵਾਲੇ ਘਰ ਪਹਾੜੀ ਖੇਤਰਾਂ ਵਿੱਚ ਹੀ ਹੁੰਦੇ ਹਨ। ਇਨ੍ਹਾਂ ਖੇਤਰਾਂ ਵਿੱਚ ਬਰਫ਼ ਬਹੁਤ ਪੈਂਦੀ ਹੈ। ਢਲਾਣਦਾਰ ਛੱਤਾਂ ਹੋਣ ਕਾਰਨ ਬਰਫ਼ ਛੱਤ 'ਤੇ ਜਮ੍ਹਾਂ ਨਹੀਂ ਹੁੰਦੀ। ਇਹ ਜਲਦੀ ਹੇਠਾਂ ਤਿਲਕ ਜਾਂਦੀ ਹੈ। ਕਿਉਂ ਜੋ ਅਸੀਂ ਮੈਦਾਨੀ ਇਲਾਕੇ ਵਿੱਚ ਰਹਿੰਦੇ ਹਾਂ, ਇੱਥੇ ਬਰਫ ਵੀ ਨਹੀਂ ਪੈਂਦੀ, ਇੱਥੇ ਸਿਰਫ਼ ਮੀਂਹ ਪੈਂਦਾ ਹੈ ਇਸ ਲਈ ਸਾਡੇ ਘਰਾਂ ਦੀਆਂ ਛੱਤਾਂ ਢਲਾਣਦਾਰ ਨਾ ਹੋ ਕੇ ਸਿੱਧੀਆਂ ਹੁੰਦੀਆਂ ਹਨ।

ਕਿਰਿਆ-1 : ਵੱਖ-ਵੱਖ ਕਿਸਮਾਂ ਦੇ ਘਰਾਂ ਦੀਆਂ ਤਸਵੀਰਾਂ ਇਕੱਤਰ ਕਰਕੇ ਚਾਰਟ ਉੱਤੇ ਚਿਪਕਾਉ।

ਪ੍ਰਸ਼ਨ 2. ਅਸਥਾਈ ਘਰ ਕਿਨ੍ਹਾਂ ਚੀਜ਼ਾਂ ਤੋਂ ਬਣੇ ਹੁੰਦੇ ਹਨ ?

..........................................................................................

..........................................................................................

ਪ੍ਰਸ਼ਨ 3. ਪਹਾੜਾਂ 'ਤੇ ਕਿਹੋ ਜਿਹੇ ਘਰ ਹੁੰਦੇ ਹਨ ?

..........................................................................................

..........................................................................................

ਕਿਰਿਆ-2 : ਆਪਣੇ-ਆਪਣੇ ਘਰਾਂ ਦੀਆਂ ਖਿੜਕੀਆਂ, ਦਰਵਾਜ਼ੇ ਅਤੇ ਰੌਸ਼ਨਦਾਨਾਂ ਦੀ ਗਿਣਤੀ ਨੋਟ ਕਰਕੇ ਲਿਆਉ।

ਬੱਚਿਓ! ਜਿਸ ਘਰ ਵਿੱਚ ਅਸੀਂ ਰਹਿੰਦੇ ਹਾਂ ਉਹ ਸਾਫ਼-ਸੁਥਰਾ ਹੋਣਾ ਚਾਹੀਦਾ ਹੈ। ਸਾਫ਼ ਸੁਥਰਾ ਘਰ ਸੋਹਣਾ ਲਗਦਾ ਹੈ। ਇਸ ਲਈ ਜ਼ਰੂਰੀ ਹੈ ਕਿ ਘਰ ਦੀ ਹਰ ਇੱਕ ਚੀਜ਼ ਸਹੀ ਜਗ੍ਹਾ 'ਤੇ ਟਿਕਾ ਕੇ ਰੱਖੋ। ਕੂੜਾ-ਕਰਕਟ ਸੁੱਟਣ ਲਈ ਕੂੜੇਦਾਨ ਦੀ ਵਰਤੋਂ ਕਰੋ। ਘਰ ਨੂੰ ਸਜਾਉਣ ਲਈ ਤਸਵੀਰਾਂ, ਫੁੱਲ-ਪੱਤੀਆਂ ਅਤੇ ਲੜੀਆਂ ਆਦਿ ਦੀ ਵਰਤੋਂ ਕਰ ਸਕਦੇ ਹਾਂ। ਤਿਉਹਾਰਾਂ ਅਤੇ ਖ਼ਾਸ ਮੌਕਿਆਂ 'ਤੇ ਗ਼ੁਬਾਰਿਆਂ ਅਤੇ ਫੁੱਲਾਂ ਨਾਲ਼ ਵੀ ਘਰ ਸਜਾ ਸਕਦੇ ਹਾਂ। ਫ਼ਰਸ਼ 'ਤੇ ਵੱਖ-ਵੱਖ ਰੰਗਾਂ ਨਾਲ਼ ਡਿਜ਼ਾਈਨ ਬਣਾਏ ਜਾ ਸਕਦੇ ਹਨ। ਇਸ ਤਰ੍ਹਾਂ ਦੇ ਡਿਜ਼ਾਈਨ ਨੂੰ **ਰੰਗੋਲੀ** ਆਖਦੇ ਹਨ।



ਗੁਬਾਰਿਆਂ ਨਾਲ਼ ਸਜਾਵਟ



ਫੁੱਲਾਂ ਨਾਲ਼ ਸਜਾਵਟ



ਰੰਗੋਲੀ



ਰੰਗ-ਬਰੰਗੇ ਕਾਗਜ਼ਾਂ ਨਾਲ਼ ਸਜਾਵਟ

ਲਵਲੀ — ਅਧਿਆਪਕ ਜੀ, ਮੇਰੇ ਮੰਮੀ ਸਵੇਰੇ-ਸਵੇਰੇ ਉੱਠ ਕੇ ਘਰ ਨੂੰ ਝਾੜੂ ਅਤੇ ਪੋਚਾ ਲਗਾ ਕੇ ਸਾਫ਼ ਕਰਦੇ ਹਨ। ਮੇਰੇ ਪਿਤਾ ਜੀ ਵੀ ਉਨ੍ਹਾਂ ਦੀ ਇਸ ਕੰਮ ਵਿੱਚ ਮਦਦ ਕਰਦੇ ਹਨ। ਐਤਵਾਰ ਨੂੰ ਅਸੀਂ ਸਾਰੇ ਮਿਲ ਕੇ ਘਰ ਦੀ ਹਰ ਇੱਕ ਵਸਤੂ ਨੂੰ ਸਾਫ਼ ਕਰਕੇ ਸਹੀ ਜਗ੍ਹਾ 'ਤੇ ਰੱਖਦੇ ਹਾਂ। ਮੇਜ਼ 'ਤੇ ਫੁੱਲਾਂ ਅਤੇ ਪੱਤਿਆਂ ਨਾਲ਼ ਗੁਲਦਸਤਾ ਵੀ ਬਣਾ ਕੇ ਰੱਖਦੇ ਹਾਂ। ਅਸੀਂ ਘਰ ਦਾ ਕੂੜਾ ਕਰਕਟ ਇੱਕ ਕੂੜਾਦਾਨ ਵਿੱਚ ਪਾਉਂਦੇ ਹਾਂ।

ਮੇਰੀ ਦੋਸਤ ਨਿਸ਼ਾ ਦਾ ਘਰ ਵੀ ਸਾਡੇ ਘਰ ਦੇ ਨੇੜੇ ਹੈ। ਉਹ ਰਾਜਸਥਾਨ ਦੇ ਰਹਿਣ ਵਾਲੇ ਹਨ। ਉਹ ਫ਼ਰਸ਼ 'ਤੇ ਵੱਖ-ਵੱਖ ਰੰਗਾਂ ਨਾਲ਼ ਰੰਗੋਲੀ ਬਣਾ ਕੇ ਘਰ ਨੂੰ ਸਜਾਉਂਦੇ ਹਨ। ਉਸਦੇ ਭਰਾ ਦੇ ਜਨਮਦਿਨ 'ਤੇ ਉਹਨਾਂ ਨੇ ਗ਼ੁਬਾਰਿਆਂ ਅਤੇ ਰੰਗ ਬਰੰਗੇ ਕਾਗਜ਼ ਦੀਆਂ ਲੜੀਆਂ ਨਾਲ਼ ਘਰ ਨੂੰ ਸਜਾਇਆ ਸੀ।

| |
|---|
| ਕਿਰਿਆ-3 : ਵੱਖ-ਵੱਖ ਮੌਕਿਆਂ 'ਤੇ ਘਰਾਂ ਦੀ ਸਜਾਵਟ ਕਰਨ ਲਈ ਵਰਤੇ ਜਾਂਦੇ ਸਮਾਨ ਦੀ ਸੂਚੀ ਬਣਾਉ। |

**ਅਧਿਆਪਕ** — ਕੀ ਸਾਡੇ ਘਰਾਂ ਵਿੱਚ ਪਰਿਵਾਰ ਦੇ ਮੈਂਬਰਾਂ ਤੋਂ ਇਲਾਵਾ ਕੋਈ ਹੋਰ ਵੀ ਰਹਿੰਦਾ ਹੈ ?

**ਬੰਟੀ** — ਸਾਡੇ ਘਰ ਵਿੱਚ ਇੱਕ ਕੁੱਤਾ ਵੀ ਰਹਿੰਦਾ ਹੈ। ਇਹ ਮੇਰਾ ਦੋਸਤ ਹੈ ਤੇ ਮੈਂ ਉਸ ਨਾਲ਼ ਬਹੁਤ ਖੇਡਦਾ ਹਾਂ।

**ਅਧਿਆਪਕ**—ਬੇਟਾ, ਗਾਂ, ਮੱਝ, ਕੁੱਤਾ, ਬਲਦ, ਊਠ, ਮੁਰਗੀਆਂ ਅਤੇ ਬੱਕਰੀਆਂ ਵਰਗੇ ਜਾਨਵਰ ਵੀ ਸਾਡੇ ਨਾਲ਼ ਰਹਿੰਦੇ ਹਨ। ਅਸੀਂ ਇਨ੍ਹਾਂ ਦੀ ਪਰਿਵਾਰ ਦੇ ਹੋਰ ਮੈਂਬਰਾਂ ਵਾਂਗ ਹੀ ਦੇਖਭਾਲ ਕਰਦੇ ਹਾਂ। ਇਹ ਸਭ ਪਾਲਤੂ ਜਾਨਵਰ ਹਨ।



## ਯਾਦ ਰੱਖਣ ਯੋਗ ਗੱਲਾਂ

- ਘਰ ਸਾਨੂੰ ਗਰਮੀ, ਸਰਦੀ, ਮੀਂਹ, ਹਨੇਰੀ, ਜੰਗਲੀ ਜਾਨਵਰਾਂ ਆਦਿ ਤੋਂ ਬਚਾਉਂਦਾ ਹੈ।
- ਘਰ ਕਈ ਕਿਸਮਾਂ ਦੇ ਹੁੰਦੇ ਹਨ, ਪੱਕਾ ਘਰ, ਕੱਚਾ ਘਰ, ਅਸਥਾਈ ਘਰ।
- ਪੱਕੇ ਘਰ ਲਈ ਇੱਟਾਂ, ਸੀਮਿੰਟ, ਲੋਹਾ, ਪੱਥਰ ਆਦਿ ਸਮੱਗਰੀ ਵਰਤੀ ਜਾਂਦੀ ਹੈ।
- ਕੱਚੇ ਘਰ ਲਈ ਗਾਰਾ, ਘਾਹ-ਫੂਸ 'ਤੇ ਲੱਕੜ ਆਦਿ ਸਮੱਗਰੀ ਵਰਤੀ ਜਾਂਦੀ ਹੈ।
- ਇੱਕ ਚੰਗਾ ਘਰ ਸਾਫ਼-ਸੁਥਰਾ ਤੇ ਹਵਾਦਾਰ ਹੁੰਦਾ ਹੈ।
- ਕੂੜਾ-ਕਰਕਟ ਹਮੇਸ਼ਾ ਕੂੜਾਦਾਨ ਵਿੱਚ ਹੀ ਸੁੱਟਣਾ ਚਾਹੀਦਾ ਹੈ।



ਪ੍ਰਸ਼ਨ 4. ਤੁਸੀਂ ਕਿਸ ਤਰ੍ਹਾਂ ਦੇ ਘਰ ਵਿੱਚ ਰਹਿੰਦੇ ਹੋ ?

..............................................................................................................

..............................................................................................................

ਪ੍ਰਸ਼ਨ 5. ਕੀ ਤੁਹਾਡੇ ਘਰ ਵਿੱਚ ਕੋਈ ਪਾਲਤੂ ਜਾਨਵਰ ਹੈ ? ਜੇ ਹੈ ਤਾਂ ਉਸਦਾ ਨਾਂ ਲਿਖੋ।

..............................................................................................................

..............................................................................................................

6. ਖ਼ਾਲੀ ਥਾਂਵਾਂ ਭਰੋ—

(ਖਿੜਕੀਆਂ, ਗਾਰੇ, ਸਾਫ਼-ਸੁਥਰਾ, ਘਰ, ਜੰਗਲਾਂ)

(ੳ) ਅਸੀਂ ਜਿੱਥੇ ਰਹਿੰਦੇ ਹਾਂ ਉਸਨੂੰ .................... ਕਹਿੰਦੇ ਹਨ।

(ਅ) ਸ਼ੁਰੂ ਵਿੱਚ ਮਨੁੱਖ .................... ਵਿੱਚ ਰਹਿੰਦਾ ਸੀ।

(ੲ) ਘਰਾਂ ਵਿੱਚ .................... ਅਤੇ ਰੌਸ਼ਨਦਾਨ ਜ਼ਰੂਰ ਹੋਣੇ ਚਾਹੀਦੇ ਹਨ।

(ਸ) ਸਾਡਾ ਘਰ .................... ਹੋਣਾ ਚਾਹੀਦਾ ਹੈ।

(ਹ) ਕੱਚਾ ਘਰ ਮਿੱਟੀ ਅਤੇ .................... ਤੋਂ ਬਣਿਆਂ ਹੁੰਦਾ ਹੈ।

7. ਠੀਕ ਉੱਤਰ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ—

(ੳ) ਇੱਕ ਚੰਗਾ ਘਰ ਹੁੰਦਾ ਹੈ-

ਸਾਫ਼-ਸੁਥਰਾ ਤੇ ਹਵਾਦਾਰ ☐

ਗੰਦਾ ਤੇ ਬੰਦ ☐

ਬਹੁਤ ਵੱਡਾ ☐

(ਅ) ਕੱਚਾ ਘਰ ਬਣਾਇਆ ਜਾਂਦਾ ਹੈ-

ਇੱਟਾਂ, ਸੀਮਿੰਟ, ਰੇਤਾ ☐

ਘਾਹ-ਫੂਸ, ਗਾਰਾ 'ਤੇ ਲੱਕੜ ਆਦਿ ☐

ਕੱਪੜੇ, ਬਾਂਸ ☐

(ੲ) ਖਾਨਾਬਦੋਸ਼ ਦੇ ਘਰ ਹੁੰਦੇ ਹਨ-

ਪੱਕੇ ਘਰ ☐

ਕੱਚੇ ਘਰ ☐

ਅਸਥਾਈ ਘਰ ☐

(ਸ) ਕੂੜਾ-ਕਰਕਟ ਸੁੱਟਣਾ ਚਾਹੀਦਾ ਹੈ-

ਵਿਹੜੇ ਵਿੱਚ ☐ ਕੂੜਾਦਾਨ ਵਿੱਚ ☐ ਗਲੀ ਵਿੱਚ ☐

(ਹ) ਘਰ ਬਣਾਉਣ ਵਾਲੇ ਨੂੰ ਕਹਿੰਦੇ ਹਨ-

ਡਾਕਟਰ ☐ ਮਿਸਤਰੀ ☐ ਵਕੀਲ ☐

## 8. ਸਹੀ (✓) ਜਾਂ ਗ਼ਲਤ (×) ਦਾ ਨਿਸ਼ਾਨ ਲਗਾਉ।

(ੳ) ਪੱਕਾ ਘਰ ਘਾਹ-ਫੂਸ ਦਾ ਬਣਿਆ ਹੁੰਦਾ ਹੈ। ☐

(ਅ) ਕੱਚੇ ਘਰ ਠੰਢੇ ਹੁੰਦੇ ਹਨ। ☐

(ੲ) ਸਿਪਾਹੀ ਕੈਂਪ ਲਾਉਣ ਸਮੇਂ ਪੱਕੇ ਘਰਾਂ ਵਿੱਚ ਰਹਿੰਦੇ ਹਨ। ☐

(ਸ) ਹਾਊਸਬੋਟ ਪਾਣੀ ਉੱਪਰ ਤੈਰਨ ਵਾਲਾ ਘਰ ਹੁੰਦਾ ਹੈ। ☐

(ਹ) ਘਰ ਬਣਾਉਣ ਵਿੱਚ ਕਈ ਲੋਕ ਸਾਡੀ ਮਦਦ ਕਰਦੇ ਹਨ। ☐

## 9. ਮਿਲਾਨ ਕਰੋ

| ਜਾਨਵਰ | ਰਹਿਣ ਦੀ ਥਾਂ |
|---|---|
| (ੳ) ਸ਼ੇਰ | ਖੁੱਡ |
| (ਅ) ਚੂਹਾ | ਗੁਫ਼ਾ |
| (ੲ) ਘੋੜਾ | ਵਾੜਾ |
| (ਸ) ਮੱਛੀ | ਤਬੇਲਾ |
| (ਹ) ਮੱਝ | ਪਾਣੀ |

*****